Journal of Advances and Scholarly Researches in Allied Education
Vol. 15, Issue No. 10, (Special Issue) October-2018, ISSN 2230-7540

# Tabla: Ang, Bantar and Sur Milan

Kulwinder Singh*

---------------------------------x---------------------------------

ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਦਾ ਸੁਮੇਲ ਹੈ। ਇਸ ਵਿੱਚ ਲੈਅ ਦੀ ਮੁੱਖ ਭੂਮਿਕਾ ਰਹਿੰਦੀ ਹੈ। ਲੈਅ ਰਾਹੀਂ ਹੀ ਸਵਰਾਂ ਅਤੇ ਵਰਣਾਂ ਨੂੰ ਅੰਜਾਮ ਤੱਕ ਪਹੁੰਚਾਇਆ ਜਾਂਦਾ ਹੈ। ਭਾਰਤੀ ਸੰਗੀਤ ਵਿੱਚ ਲੈਅ ਲਈ ਸਭ ਤੋਂ ਵੱਧ ਪ੍ਰਯੋਗ ਕੀਤਾ ਜਾਣ ਵਾਲਾ ਸਾਜ਼ ਤਬਲਾ ਹੈ, ਜੋ ਆਪਣੀ ਮਕਬੂਲੀਅਤ ਕਰਕੇ ਆਪਣਾ ਵੱਖਰਾ ਨਾਮ ਬਣਾ ਚੁੱਕਿਆ ਹੈ। ਏਕਲ ਪ੍ਰਦਰਸ਼ਨ ਲਈ ਵੀ ਤਬਲੇ ਦਾ ਕੋਈ ਸਾਨੀ ਨਹੀ ਹੈ।

ਤਬਲੇ ਦੀ ਉੱਤਪੱਤੀ ਸੰਬੰਧੀ ਸਾਨੂੰ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਇਸ ਦੀ ਈਜਾਦ ਸੰਬੰਧੀ ਵਿਭਿੰਨ ਵਿਦਵਾਨਾਂ ਦੇ ਵੱਖੋ-ਵੱਖਰੇ ਵਿਚਾਰ ਹਨ। ਕੁਝ ਮਾਹਿਰ ਮਹਾਰਾਸ਼ਟਰ ਵਿੱਚ ਪ੍ਰਚੱਲਿਤ ਇੱਕ ਵਾਦਯ 'ਸੰਬਲ' ਤੋਂ ਤਬਲੇ ਦੇ ਹੋਂਦ 'ਚ ਆਉਣ ਦਾ ਪ੍ਰਮਾਣ ਦਿੰਦੇ ਹਨ। ਕਈ ਵਿਦਵਾਨ ਕਹਿੰਦੇ ਹਨ ਕਿ ਪਖਾਵਜ ਵਾਦਯ ਨੂੰ ਵਿੱਚੋਂ ਕੱਟ ਕੇ ਉਸਨੂੰ ਉਧਰਵ ਕਰਕੇ ਵਜਾਉਣ ਤੇ ਜਿਹੜੇ ਦੋ ਹਿੱਸੇ ਬਣੇ , ਉਨ੍ਹਾਂ ਨੂੰ ਹੀ ਤਬਲੇ ਦੇ ਸੱਜੇ ਅਤੇ ਖੱਬੇ ਹਿੱਸੇ ਦਾ ਨਾਮ ਦਿੱਤਾ ਗਿਆ।

ਪੁਸਤਕ 'ਮਆਦਨ-ਉਲ-ਮੌਸਿਕੀ'(1854ਈ:) ਦੇ ਲੇਖਕ 'ਮੁਹੰਮਦ ਕਰਮ ਈਮਾਮ' ਨੇ 'ਅਲਾਉਦੀਨ ਖਿਲਜੀ' (1296-1316) ਦੇ ਸਮੇਂ ਦੇ ਪ੍ਰਸਿੱਧ ਸੰਗੀਤਕਾਰ 'ਹਜ਼ਰਤ ਅਮੀਰ ਖੁਸਰੋ' (1253-1325) ਨੂੰ ਤਬਲੇ ਦੀ ਖੋਜ ਕਰਨ ਦਾ ਸਿਹਰਾ ਦਿੱਤਾ ਹੈ। ਸਵਾਮੀ ਪ੍ਰਗਿਆਨੰਦ ਤੇ ਅਚਾਰੀਆ ਬ੍ਰਹਿਸਪਤੀ ਇਸ ਵਿਚਾਰ ਨਾਲ ਸਹਿਮਤ ਨਹੀ ਹਨ, ਵੈਸੇ ਵੀ ਜੇ ਅਸੀਂ 13 ਵੀਂ. ਸਦੀ ਤੋਂ 18 ਵੀ. ਸ਼ਤਾਬਦੀ ਤੱਕ ਦੇ ਇਤਿਹਾਸ ਤੇ ਝਾਤ ਮਾਰਦੇ ਹਾਂ ਤਾਂ ਸਾਨੂੰ ਕਿਧਰੇ ਵੀ ਤਬਲਾ ਸਾਜ਼ ਜਾਂ ਤਬਲਾ ਵਾਦਨ ਦਾ ਨਾਮ ਨਹੀਂ ਮਿਲਦਾ । ਅਸਲ ਵਿੱਚ ਤਬਲੇ ਦੀ ਖੋਜ ਖੁਸਰੋ ਖਾਂ ਨੇ ਕੀਤੀ ਅਤੇ ਲੋਕਾਂ ਨੇ 15 ਵੀ. ਸਦੀ ਦੇ ਖੁਸਰੋ ਖਾਂ ਨੂੰ ਅਲਾਉਦੀਨ ਖਿਲਜੀ ਕਾਲੀਨ ਅਮੀਰ ਖੁਸਰੋ ਸਮਝ ਲਿਆ ਅਤੇ ਨਾਮ ਸਮਾਨ ਹੋਣ ਕਰਕੇ ਸਾਰੀ ਪ੍ਰਸਿੱਧੀ ਅਮੀਰ ਖੁਸਰੋ ਨੂੰ ਦੇ ਦਿੱਤੀ ਗਈ।

## ਤਬਲੇ ਦੇ ਅੰਗ

ਮੂਲ ਰੂਪ ਵਿੱਚ ਤਬਲਾ ਦੋ ਹਿੱਸਿਆਂ ਨਾਲ ਮਿਲ ਕੇ ਬਣਦਾ ਹੈ । ਇਹ ਦੋ ਅੰਗ ਦਾਂਇਆਂ ਜਾਂ ਸੱਜਾ ਅਤੇ ਬਾਂਇਆਂ ਜਾਂ ਖੱਬਾ ਅਖਵਾਉਂਦੇ ਹਨ।

## ਦਾਂਇਆਂ

ਦਾਹਿਨੇ ਹੱਥ ਨਾਲ ਵਜਾਇਆ ਜਾਣ ਕਰਕੇ ਇਸ ਨੂੰ ਸੱਜਾ ਜਾਂ ਦਾਹਿਨਾ ਕਹਿੰਦੇ ਹਨ। ਇਸ ਤੋਂ ਇਲਾਵਾ ਇਸ ਨੂੰ ਮਦੀਨ ਜਾਂ ਚੱਟੂ ਵੀ ਕਹਿ ਦਿੱਤਾ ਜਾਂਦਾ ਹੈ। ਇਹ ਅੰਬ, ਖੈਰ ਟਾਹਲੀ ਅਤੇ ਬਿਜੈਸਾਰ ਦੀ ਲੱਕੜ ਤੋਂ ਤਿਆਰ ਹੁੰਦਾ ਹੈ।ਇਸਨੂੰ ਅੰਦਰੋਂ ਖੋਖਲਾ ਕਰਕੇ ਉਪਰੋਂ ਖੱਲ ਨਾਲ ਮੜ੍ਹਿਆ ਜਾਂਦਾ ਹੈ। ਇਸ ਦਾ ਹੇਠਲਾ ਹਿੱਸਾ ਉੱਪਰੀ ਹਿੱਸੇ ਦੇ ਮੁਕਾਬਲੇ ਵੱਡਾ ਹੋਵੇਗਾ। ਮਸ਼ੀਨੀ ਖੁਦਾਈ ਦੇ ਮੁਕਾਬਲੇ ਹੱਥ ਨਾਲ ਖੁੱਦਿਆ ਹੋਇਆ ਕਾਠ , ਮਧੁਰ ਸਵਰ ਪੈਦਾ ਕਰਦਾ ਹੈ। ਸੱਜੇ ਅੰਗ ਦੀ ਉੱਚਾਈ ਦਸ ਜਾਂ ਗਿਆਰਾਂ ਇੰਚ ਅਤੇ ਉੱਪਰੀ ਮੂੰਹ ਦਾ ਵਿਆਸ ਪੰਜ ਜਾਂ ਸਾਢੇ ਪੰਜ ਇੰਚ ਹੁੰਦਾ ਹੈ। ਚੱਟੂ ਦੀ ਲੱਕੜ ਜਿੰਨੀ ਜ਼ਿਆਦਾ ਭਾਰੀ ਹੋਵੇਗੀ ਉਂਨੀ ਹੀ ਉਸ ਵਿੱਚ ਗੂੰਜ ਪੈਦਾ ਹੋਵੇਗੀ।

## ਦਾਹਿਨੇ ਹਿੱਸੇ ਦੇ ਅੰਗ

ਪੂੜੀ- ਇਹ ਸੱਜੇ ਤਬਲੇ ਦੇ ਮੂੰਹ ਤੇ ਮੜ੍ਹਿਆ ਹੋਇਆ ਗੋਲਾਕਾਰ ਤੇ ਕੱਟਿਆ ਹੋਇਆ ਚਮੜਾ ਹੁੰਦਾ ਹੈ।ਇਸ ਨੂੰ ਬੱਕਰੇ ਦੀ ਖੱਲ ਨਾਲ ਤਿਆਰ ਕੀਤਾ ਜਾਂਦਾ ਹੈ।

ਕਿਨਾਰ- ਪੂੜੀ ਦੇ ਚਾਰੇ ਪਾਸੇ ਗਜਰੇ ਤੋਂ ਉੱਪਰ ਕਿਨਾਰੇ ਉੱਤੇ ਲਗਭਗ ਅੱਧਾ ਇੰਚ ਚੌੜੀ ਚਮੜੇ ਦੀ ਖੱਲ ਚੜ੍ਹਾਈ ਜਾਂਦੀ ਹੈ, ਉਸਨੂੰ ਚਾਟੀ ਜਾਂ ਕਿਨਾਰ ਕਹਿੰਦੇ ਹਨ।

ਸਿਆਹੀ- ਤਬਲੇ ਦੇ ਦਾਹਿਨੇ ਦੀ ਪੁੜੀ ਦੇ ਵਿਚਕਾਰ ਇੱਕ ਨਿੱਕਾ ਗੋਲਾਕਾਰ ਅਤੇ ਵਿਸ਼ੇਸ਼ ਪ੍ਰਕਾਰ ਦਾ ਕਾਲੇ ਰੰਗ ਦਾ ਮਸਾਲਾ ਲਗਾਇਆ ਜਾਂਦਾ ਹੈ, ਜਿਸਨੂੰ ਸਿਆਹੀ ਕਹਿੰਦੇ ਹਨ। ਇਹ ਮਸਾਲਾ ਮੈਦੇ ਦੀ ਲੋਹੀ, ਲੋਹ ਚੂਰਣ ਅਤੇ ਨੀਲੇ ਥੋਥੇ ਤੋਂ ਤਿਆਰ ਕੀਤਾ ਜਾਂਦਾ ਹੈ। ਸਿਆਹੀ ਦੀ ਪਰਤ ਪਤਲੀ ਲਗਾਉਣ ਨਾਲ ਪੁੜਾ ਉੱਚੇ ਸਵਰ ਅਤੇ ਪਰਤ ਮੋਟੀ ਲਗਾਉਣ ਨਾਲ ਨੀਵੇਂ ਸਵਰ ਵਿੱਚ ਬੋਲਦਾ ਹੈ।

ਮੈਦਾਨ- ਸਿਆਹੀ ਤੇ ਚਾਟੀ ਵਿਚਕਾਰ ਲਗਭਗ ਇੱਕ ਇੰਚ ਖਾਲੀ ਭਾਗ ਨੂੰ ਮੈਦਾਨ ਆਖਦੇ ਹਨ।

ਗਜਰਾ- ਪੂੜੀ ਦੇ ਚਾਰੇ ਪਾਸੇ ਚਮੜੇ ਦਾ ਬਣਿਆ ਹੋਇਆ ਇੱਕ ਗਜਰਾ ਲੱਗਿਆ ਹੁੰਦਾ ਹੈ। ਇਸ ਨਾਲ ਪੁੜੀ ਕਸੀ ਰਹਿੰਦੀ ਹੈ। ਇਸ ਵਿੱਚ ਬੱਧੀ ਲੰਘਾਉਣ ਲਈ ਛੇਕ ਬਣੇ ਹੁੰਦੇ ਹਨ। ਗਜਰੇ ਤੇ ਚੋਟ ਕਰਨ ਨਾਲ ਸਵਰ ਦਾ ਬਰੀਕ ਅੰਤਰ ਦੂਰ ਕੀਤਾ ਜਾ ਸਕਦਾ ਹੈ।

ਬੱਧੀ- ਦਵਾਲ ਜਾਂ ਬੱਧੀ ਚਮੜੇ ਦੀ ਉਹ ਰੱਸੀ ਹੁੰਦੀ ਹੈ, ਜਿਸਨੂੰ ਗਜਰੇ ਵਿੱਚ ਪਾ ਕੇ ਪੂੜੀ ਨੂੰ ਮੜ੍ਹਿਆ ਜਾਂਦਾ ਹੈ। ਇਹ ਊਠ ਦੀ ਖੱਲ ਤੋਂ ਤਿਆਰ ਕੀਤੀ ਜਾਂਦੀ ਹੈ।

ਗੁੱਡਰੀ-ਗਜਰੇ ਵਾਂਗ ਤਬਲੇ ਦੇ ਹੇਠਲੇ ਪਾਸੇ ਵੀ ਇੱਕ ਗੋਲਾਕਾਰ ਚਮੜਾ ਲਿਪਟਿਆ ਹੁੰਦਾ ਹੈ, ਜਿਸ ਵਿੱਚ ਬੱਧੀ ਪਰੋਈ ਜਾਂਦੀ ਹੈ, ਇਸਨੂੰ ਈਨੜੀ ਜਾਂ ਗੁੱਡਰੀ ਕਹਿੰਦੇ ਹਨ। ਅੱਜਕਲ੍ਹ ਚਮੜੇ ਦੀ ਥਾਂ ਤੇ ਲੋਹੇ ਦਾ ਰਿੰਗ ਵੀ ਪ੍ਰਯੋਗ ਕਰ ਲਿਆ ਜਾਂਦਾ ਹੈ।

ਗੱਟੇ-ਗੱਟੇ ਲੱਕੜ ਦੇ ਬਣੇ ਹੁੰਦੇ ਹਨ, ਜਿਹਨਾਂ ਨੂੰ ਬੱਦੀ ਦੇ ਥੱਲੇ ਰੱਖਿਆ ਜਾਂਦਾ ਹੈ। ਹਰ ਗੱਟਾ ਚਾਰ-ਚਾਰ ਦਵਾਲਾਂ ਵਿੱਚ ਵੰਡਿਆ ਜਾਂਦਾ ਹੈ। ਇਸ ਦੀ ਲੰਬਾਈ ਲਗਭਗ ਤਿੰਨ ਇੰਚ ਤੇ ਮੋਟਾਈ ਇੱਕ ਜਾਂ ਸਵਾ ਇੰਚ ਹੁੰਦੀ ਹੈ। ਗੱਟਿਆਂ ਨੂੰ ਉੱਪਰ ਜਾਂ ਥੱਲੇ ਕਰਕੇ ਸਵਰ ਉੱਚਾ ਜਾਂ ਨੀਵਾਂ ਕੀਤਾ ਜਾ ਸਕਦਾ ਹੈ।

## ਬਾਂਇਆਂ

ਖੱਬੇ ਹੱਥ ਨਾਲ ਵਜਾਇਆ ਜਾਣ ਕਰਕੇ ਇਸਨੂੰ ਬਾਂਇਆਂ ਕਹਿੰਦੇ ਹਨ, ਇਸ ਨੂੰ ਡੱਗਾ ਜਾਂ ਡੁੱਗੀ ਵੀ ਕਿਹਾ ਜਾਂਦਾ ਹੈ। ਆਰੰਭਿਕ ਕਾਲ ਵਿੱਚ ਮਿੱਟੀ ਨਾਲ ਬਣੀ ਡੁੱਗੀ ਨੂੰ ਟੁੱਟਣ ਅਤੇ ਲੱਕੜੀ ਦੀ ਬਣੀ ਡੁੱਗੀ ਨੂੰ ਸਿਉਂਕ ਲੱਗਣ ਦਾ ਡਰ ਰਹਿੰਦਾ ਸੀ ।ਇਸ ਕਰਕੇ ਆਧੁਨਿਕ ਸਮੇਂ

www.ignited.in

ਵਿੱਚ ਇਸ ਦਾ ਨਿਰਮਾਣ ਲੋਹਾ, ਪਿੱਤਲ, ਤਾਂਬਾ ਅਤੇ ਸਿਲਵਰ ਆਦਿ ਧਾਤਾਂ ਤੋਂ ਕੀਤਾ ਜਾਣਾ ਸ਼ੁਰੂ ਹੋ ਗਿਆ ਹੈ।

### ਡੱਗੇ ਦੇ ਅੰਗ

ਪੁੜੀ: ਬਾਂਏ ਭਾਗ ਵਿੱਚ ਵੀ ਚਮੜੇ ਤੋਂ ਬਣੀ ਇੱਕ ਪੁੜੀ ਹੁੰਦੀ ਹੈ । ਜਿਹੜੀ ਦਾਂਏ ਹਿੱਸੇ ਦੇ ਮੁਕਾਬਲੇ ਵੱਡੀ ਹੁੰਦੀ ਹੈ। ਇਸਦਾ ਮੁੱਖ ਵਿਆਸ ਲਗਭਗ ਨੌ, ਸਵਾ ਨੌ ਇੰਚ ਜਾਂ ਇਸ ਤੋਂ ਘੱਟ ਵੱਧ ਹੋ ਸਕਦਾ ਹੈ।

ਗੋਟ: ਸੱਜੇ ਹਿੱਸੇ ਵਿੱਚ ਜਿਹੜੇ ਅੰਗ ਨੂੰ ਚਾਟੀ ਜਾਂ ਕਿਨਾਰ ਕਹਿੰਦੇ ਹਨ, ਖੱਬੇ ਵਿੱਚ ਉਸ ਨੂੰ ਹੀ ਗੋਟ ਕਿਹਾ ਜਾਂਦਾ ਹੈ। ਇਹ ਲਗਭਗ ਇੱਕ ਇੰਚ ਦੀ ਚੋੜੀ ਪੱਟੀ ਹੁੰਦੀ ਹੈ।

ਸਿਆਹੀ: ਪਹਿਲਾ ਡੱਗੇ ਦੀ ਸਿਆਹੀ ਦੀ ਥਾਂ ਤੇ ਗਿੱਲੇ ਆਟੇ ਦੀ ਸਿਆਹੀ ਲਗਾਈ ਜਾਂਦੀ ਸੀ ਅਤੇ ਉਹ ਵੀ ਤੁਰੰਤ ਪਹਿਲਾਂ। ਫਿਰ ਇਸ ਤੋਂ ਬਚਣ ਲਈ ਡੱਗੇ ਉੱਪਰ ਵੀ ਚੱਟੂ ਵਾਂਗ ਪੱਕੀ ਸਿਆਹੀ ਲਗਾਉਣੀ ਸ਼ੁਰੂ ਕਰ ਦਿੱਤੀ ਗਈ। ਇਸ ਹਿੱਸੇ ਵਿੱਚ ਸਿਆਹੀ ਨੂੰ ਉਸੇ ਆਕਾਰ 'ਚ ਇੱਕ ਪਾਸੇ ਨੂੰ ਵਧਾ ਕੇ ਲਗਾਇਆ ਜਾਂਦਾ ਹੈ।

ਮੈਦਾਨ: ਸਿਆਹੀ ਅਤੇ ਚਾਟੀ ਦੇ ਮੱਧ ਵਿੱਚ ਬਣੇ ਹਿੱਸੇ ਨੂੰ ਮੈਦਾਨ ਕਹਿੰਦੇ ਹਨ। ਇਸ ਨੂੰ ਵਾਦਨ ਵਿੱਚ ਗੰਭੀਰ ਸਵਰ ਪੈਦਾ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਗਜਰਾ: ਇਹ ਵੀ ਸੱਜੇ ਦੇ ਸਮਾਨ ਹੀ ਤਿਆਰ ਕੀਤਾ ਜਾਂਦਾ ਹੈ। ਇਸ ਨਾਲ ਪੁੜੀ ਨੂੰ ਕਸਿਆ ਜਾਂਦਾ ਹੈ ਅਤੇ ਇਸ ਰਾਹੀਂ ਸਵਰਾਂ ਦੇ ਮਾਮੂਲੀ ਫਰਕ ਨੂੰ ਦੂਰ ਕੀਤਾ ਜਾਂਦਾ ਹੈ।

ਇੰਡਰੀ: ਬਾਂਏ ਦੇ ਨੀਚੇ ਵਾਲੇ ਪਾਸੇ ਚਮੜੇ ਦਾ ਇੱਕ ਗੋਲ ਛੱਲਾ ਜਾਂ ਲੋਹੇ ਦਾ ਪਹੀਆ, ਜਿਸ ਵਿੱਚ ਬੱਧੀ ਨੂੰ ਪਰੋਇਆ ਜਾਂਦਾ ਹੈ, ਇੰਡਰੀ ਅਖਵਾਉਂਦਾ ਹੈ।

### ਸੁਰ ਕਰਨਾ

ਜਦੋਂ ਤਬਲਾ ਮਿਲਾਉਣਾ ਹੋਵੇ ਤਾਂ ਕਿਸੇ ਸਵਰ ਵਾਦਿਅ ਤੋਂ ਉਹ ਸਵਰ ਵਜਾਇਆ ਜਾਂਦਾ ਹੈ, ਜਿਸ ਨਾਲ ਤਬਲਾ ਸੁਰ ਕਰਨਾ ਹੋਵੇ। ਪਹਿਲਾਂ ਮਦੀਨ ਨੂੰ ਟਿਊਨ ਕੀਤਾ ਜਾਂਦਾ ਹੈ, ਜ਼ਿਆਦਾਤਰ ਇਸਨੂੰ ਸੜਜ਼ ਤੇ ਮਿਲਾਇਆ ਜਾਂਦਾ ਹੈ ਅਤੇ ਰਾਗ ਦੇ ਹਿਸਾਬ ਨਾਲ ਪੰਚਮ ਅਤੇ ਮਧਿਅਮ ਤੇ ਵੀ ਮਿਲਾ ਲਿਆ ਜਾਂਦਾ ਹੈ। ਦਾਹਿਨਾ ਮਿਲਾਉਂਦੇ ਸਮੇਂ ਖੱਬੇ ਹੱਥ ਨਾਲ ਹਥੌੜੀ ਦੀ ਚੋਟ ਗੱਟਿਆਂ ਤੇ ਮਾਰਨ ਦੇ ਨਾਲ-ਨਾਲ ਸੱਜੇ ਹੱਥ ਨਾਲ ਤਬਲੇ ਤੇ 'ਨਾ' ਵਜਾਉਂਦੇ ਰਹਿਣ ਨਾਲ ਚੱਟੂ ਦੇ ਸਵਰ ਦਾ ਆਭਾਸ ਹੁੰਦਾ ਰਹਿੰਦਾ ਹੈ। ਪਹਿਲਾਂ ਇਸ ਦੇ ਆਹਮੋਂ-ਸਾਹਮਣੇ ਵਾਲੇ ਘਰ ਸਵਰ ਕੀਤੇ ਜਾਂਦੇ ਹਨ , ਉਸ ਤੋਂ ਬਾਅਦ ਵਾਰੋ-ਵਾਰੀ ਸਾਰੇ ਘਰ ਸੁਰ ਕਰ ਲਏ ਜਾਂਦੇ ਹਨ। ਸਵਰ ਦਾ ਸੂਖਮ ਫਰਕ ਕੱਢਣ ਲਈ ਗਜਰੇ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

ਮਦੀਨ ਦਾ ਪੁੜਾ ਆਕਾਰ ਚ ਜਿੰਨਾਂ ਵੱਡਾ ਹੋਵੇਗਾ, ਉਸਦਾ ਸੁਰ ਉਨਾਂ ਹੀ ਨੀਵਾਂ ਹੋਵੇਗਾ ਅਤੇ ਜਿਨਾਂ ਛੋਟਾ ਹੋਵੇਗਾ, ਸਵਰ ਉਤਨਾਂ ਹੀ ਉੱਚਾ ਹੋਵੇਗਾ। ਇੱਕ ਚੱਟੂ 5 ਤੋਂ ਲੈ ਕੇ 7 ਇੰਚ ਤੱਕ ਬਣਾਇਆ ਜਾ ਸਕਦਾ ਹੈ।

ਤਬਲੇ ਦੇ ਦੂਜੇ ਭਾਗ ਜਾਨੀ ਕਿ ਡੱਗੇ ਵਿੱਚ ਗੱਟੇ ਨਹੀ ਹੁੰਦੇ, ਇਸਦਾ ਕਾਰਨ ਇਸਨੂੰ ਖਾਸ ਸਵਰਾਂ ਨਾਲ ਮਿਲਾਉਣ ਦੀ ਜ਼ਰੂਰਤ ਨਹੀ ਹੁੰਦੀ, ਜਦੋਂ ਇਹ ਢਿੱਲਾ ਹੋ ਜਾਂਦਾ ਹੈ, ਤਾਂ ਇਸ ਨੂੰ ਦਵਾਲ ਦੀ ਸਹਾਇਤਾ ਨਾਲ ਕੱਸ ਲਿਆ ਜਾਂਦਾ ਹੈ। ਕਈ ਲੋਕ ਲੱਕੜੀ ਦੇ ਮੋਟੇ ਡੱਕੇ ਬੱਧੀ 'ਚ ਪਾ ਕੇ ਇਹਨਾਂ ਤੋਂ ਗੱਟਿਆਂ ਦਾ ਕੰਮ ਲੈਂਦੇ ਹਨ, ਪਰ ਅਜਿਹਾ ਘੱਟ ਹੀ ਕੀਤਾ ਜਾਂਦਾ ਹੈ। ਜੇਕਰ ਸੂਤ ਦੀ ਡੋਰੀ ਪਾਈ ਜਾਵੇ ਤਾਂ ਉਸ ਵਿੱਚ ਛੱਲੇ ਵੀ ਪਾ ਦਿੱਤੇ ਜਾਂਦੇ ਹਨ, ਜਿਹੜੇ ਇਸ ਵਿੱਚ ਖਿਚਾਅ ਦਾ ਕੰਮ ਕਰਦੇ ਹਨ। ਕਈ ਵਾਰ ਬੱਧੀ ਦੀ ਥਾਂ ਤੇ ਚਾਬੀਆਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਇਹ ਪੱਛਮ ਦੀ ਇੱਕ ਧਾਰਣਾ ਦਾ ਅਨੁਸਰਣ ਹੈ।

ਤਬਲੇ ਨੂੰ ਸੰਤੁਲਿਤ ਢੰਗ ਨਾਲ ਰੱਖਣ ਲਈ ਕੱਪੜੇ ਨਾਲ ਬਣੇ ਇੱਕ ਗੋਲ ਆਕਾਰ ਦੇ ਛੱਲੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸਨੂੰ ਰਿੰਗ ਜਾਂ ਪਹੀਆ ਕਹਿੰਦੇ ਹਨ। ਇਸ ਨਾਲ ਵਾਦਕ ਨੂੰ ਵਾਦਨ ਸਮੇਂ ਆਸਾਨੀ ਰਹਿੰਦੀ ਹੈ।

ਜਿੱਥੇ ਤਬਲੇ ਦਾ ਪ੍ਰਯੋਗ ਬਹੁਤ ਸਾਰੀਆਂ ਗਾਇਨ ਵੰਨਗੀਆਂ ਲਈ ਕੀਤਾ ਜਾਂਦਾ ਹੈ, ਉੱਥੇ ਸੁਤੰਤਰ ਵਾਦਨ ਵਾਸਤੇ ਵੀ ਤਬਲਾ ਆਪਣਾ ਨਿਵੇਕਲਾ ਸਥਾਨ ਬਣਾ ਚੁੱਕਿਆ ਹੈ। ਤਬਲੇ ਦੇ ਏਕਲ ਮੰਚ ਪ੍ਰਦਰਸ਼ਨ ਲਈ ਹੁਣ ਤੱਕ ਕਈ ਸ਼ੈਲੀਆਂ ਦਾ ਵਿਕਾਸ ਹੋ ਚੁੱਕਿਆ ਹੈ। ਜਿਨ੍ਹਾਂ ਦੀਆਂ ਭਿੰਨ-ਭਿੰਨ ਵਿਸ਼ੇਸ਼ਤਾਂਵਾਂ ਹਨ। ਇਹਨਾਂ ਗੁਣਾਂ ਕਰਕੇ ਹੀ ਤਬਲਾ ਵਾਦਨ ਦੇ ਵੱਖ-ਵੱਖ ਘਰਾਣੇ ਪ੍ਰਚਾਰ ਵਿੱਚ ਆਏ ਹਨ।

### ਸੰਦਰਭ


1. 'ਸੰਗੀਤਾਯਨ'- ਅਮਲ ਦਾਸ਼ ਸ਼ਰਮਾ
2. 'ਤਾਲ ਪਰਿਚਯ'- ਡਾ. ਲਕਸ਼ਮੀਨਾਰਾਇਣ ਗਰਗ
3. 'ਥਿਊਰੀ ਐਂਡ ਪ੍ਰੈਕਟਿਸ ਆਫ ਤਬਲਾ'- ਸਦਾਨੰਦ ਨੇਮਪੱਲੀ
4. ਸਮਾਜਿਕ ਵਿਗਿਆਨ ਪੱਤਰ, ਦਸੰਬਰ 2009, ਪੰਜਾਬੀ ਯੂਨੀਵਰਸਿਟੀ, ਪਟਿਆਲਾ.
5. 'ਸੰਗੀਤ ਰੂਪ'- ਡਾ. ਦੇਵਿੰਦਰ ਕੌਰ
6. 'ਸੰਗੀਤ ਸ਼ਾਸਤਰ ਵਿਵੇਚਨ'- ਸ਼ੰਕਰ ਲਾਲ ਮਿਸ਼ਰਾ- ਅਲਕਾ ਕਤਯਾਲ
7. 'ਸੰਗੀਤ ਸ਼ਾਸਤਰ ਅਤੇ ਗਾਇਨ ਵਿਧੀ' - ਅਨਿਲ ਨਰੂਲਾ , ਗੁਰਪ੍ਰਤਾਪ ਸਿੰਘ ਗਿੱਲ ਅਤੇ ਦਵਿੰਦਰ ਕੌਰ
8. 'ਰਾਗ ਪਰਿਚਯ' - ਹਰੀਸ਼ਚੰਦਰ ਸ਼੍ਰੀਵਾਸਤਵ
9. 'ਗਾਇਨ ਕਲਾ' -ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ.



**Corresponding Author**

**Kulwinder Singh***


www.ignited.in